ਵਿਸ਼ਾ ਪੰਜਾਬੀ ਜਮਾਤ ਦਸਵੀਂ ਸਾਲ ਮਈ 2020

# ਘਰ ਦਾ ਪਿਆਰ

## ਪ੍ਰਿੰ. ਤੇਜਾ ਸਿੰਘ (1894-1958)

ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ ਸਾਹਿਤ ਤੇ ਬੋਲੀ ਦੀ ਨਿੱਗਰ ਸੇਵਾ ਕੀਤੀ। ਆਪ ਦੀਆਂ ਸਾਹਿਤਕ ਘਾਲਾਂ ਦੀ ਪ੍ਰਸ਼ੰਸਾ ਵਜੋਂ 1951 ਵਿੱਚ ਪੈਪਸੂ ਸਰਕਾਰ ਨੇ ਸਨਮਾਨਿਤ ਕੀਤਾ ਤੇ ਮਾਰਚ 1956 ਵਿੱਚ ਅਭਿਨੰਦਨ ਗ੍ਰੰਥ ਵੀ ਭੇਟ ਕੀਤਾ। ਵਾਰਤਕ ਵਿੱਚ ਨਿਬੰਧਾਂ ਦੀਆਂ ਪੁਸਤਕਾਂ 'ਸਾਹਿਤ ਦਰਸ਼ਨ', 'ਨਵੀਆਂ ਸੋਚਾਂ', 'ਸਹਿਜ ਸੁਭਾਅ' ਤੇ 'ਘਰ ਦਾ ਪਿਆਰ' ਤੋਂ ਇਲਾਵਾ 'ਆਰਸੀ' ਨਾਂ ਦੀ ਸਾਹਿਤਕ ਸਵੈਜੀਵਨੀ ਵੀ ਲਿਖੀ।ਪ੍ਰਿੰ. ਸਾਹਿਬ ਦੇ ਨਿਬੰਧ ਵਾਕਫ਼ੀਅਤ ਭਰਪੂਰ ਹਨ।

ਘਰ ਦਾ ਪਿਆਰ ਵਾਰਤਕ ਲੇਖ ਦਾ ਮੂਲ ਪਾਠ ਹੇਠ ਲਿਖੇ ਅਨੁਸਾਰ ਹੈ :

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ।



ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਣ ਵਿੱਚ ਮਾਂ ਭੈਣ ਅਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿੱਚ ਸਾਰੇ ਜਵਾਨ ਨੂੰ ਗਾਹ ਕੇ, ਲਤਾੜ ਕੇ, ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ, ਜਿੱਥੇ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਣ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ ਦੁਆਲੇ ਦਾ ਅਸਰ ਕੰਮ ਕਰਦਾ ਹੈ ਉੱਥੇ ਘਰ ਦੀ ਚਾਰਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ

ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ। ਇਹ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋੜ੍ਹੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਵੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ। ਇੱਕ ਮੇਰੇ ਜਾਣਕਾਰ ਬਿਰਧ ਬੀਬੀ ਜੀ ਹਨ ਜੋ ਨੇਕੀ ਤੇ ਉਪਕਾਰ ਦੀ ਪੁਤਲੀ ਹਨ। ਸਵੇਰ ਸ਼ਾਮ ਬਿਨਾਂ ਨਾਗਾ ਨਿਤਨੇਮ ਕਰਦੇ ਗੁਰਦੁਆਰੇ ਦੀ ਪ੍ਰਕਰਮਾ ਕਰਦੇ ਹਨ।

ਕਿਸੇ ਦੇ ਦੁੱਖ ਨੂੰ ਦੇਖ ਕੇ ਕਦੀ ਜਰ ਨਹੀਂ ਸਕਦੇ। ਵਲਵਲਾ ਉਨ੍ਹਾਂ ਦਾ ਇੰਨਾ ਕੋਮਲ ਤੇ ਪਵਿੱਤਰ ਹੈ ਕਿ ਚੱਪੇ ਚਪੇ ਤੇ ਹਮਦਰਦੀ ਨਾਲ ਫਿੱਸ ਪੈਂਦੇ ਹਨ। ਬੱਚਿਆਂ ਨੂੰ ਦੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ। ਪਰ ਸਭਾਅ ਉਨ੍ਹਾਂ ਦਾ ਬਹੁਤ ਖਰਵਾ ਹੈ। ਨਿੱਕੀ-ਨਿੱਕੀ ਗੱਲ ਤੋਂ ਖਿਝ ਪੈਂਦੇ ਹਨ ਅਤੇ ਗੁੱਸੇ ਵਿੱਚ ਆ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਸ ਹਾਲਤ ਵਿੱਚ ਉਨ੍ਹਾਂ ਨੂੰ ਦੇਖੋ ਤਾਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਕੋਈ ਤਰਸ ਨਹੀਂ, ਕੋਈ ਪਿਆਰ ਨਹੀਂ, ਪਰ ਹੁੰਦੇ ਉਸ ਵਕਤ ਵੀ ਉਨੇ ਹੀਂ ਨਰਮ ਤੇ ਕੋਮਲ ਹਨ। ਕੇਵਲ ਕੋਮਲਤਾ ਤੇ ਨਰਮੀ ਗੁੱਸੇ ਦੇ ਪਰਦੇ ਹੇਠ ਛੁਪੀ ਹੁੰਦੀ ਹੈ। ਇਸ ਗੁੱਸੇ ਤੇ ਝੱਲਪੁਣੇ ਦਾ ਕਾਰਨ ਉਨ੍ਹਾਂ ਦੀ ਜ਼ਿੰਦਗੀ ਦਾ ਪਿੱਛਾ ਫਰੋਲਣ ਤੋਂ ਇਹ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ। ਪਤੀ ਜਵਾਨੀ ਵਿੱਚ ਹੀ ਸਾਥ ਛੱਡ ਗਿਆ ਅਤੇ ਝੋਲ ਪੁੱਤਰਾਂ ਧੀਆਂ ਤੋਂ ਖ਼ਾਲੀ ਰਹੀ। ਕਿਸੇ ਨੇ ਨਿੱਕੀਆਂ ਨਿੱਕੀਆਂ ਬਾਹਾਂ ਗਲ ਵਿੱਚ ਪਾ ਕੇ ਨਹੀਂ ਆਖਿਆ, ਬੇ ਜੀਓ! ਮੈਂ ਕਿੱਡਾ ਸੋਹਣਾ ਵਾਂ।



ਮੈਂ ਕਈ ਵੱਡੇ ਵੱਡੇ ਕਥੱਕੜ ਦੇਖੇ ਹਨ ਜੋ ਬਾਹਰ ਪੰਡਾਲਾਂ ਵਿੱਚ ਕਥਾ ਕਰਦਿਆਂ ਜਾ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ 'ਤੇ ਵਿੱਦਿਆ ਦੇ ਚਮਤਕਾਰ ਦੱਸ ਕੇ ਹੈਰਾਨ ਕਰ ਦਿੰਦੇ ਹਨ।ਪਰ ਜੇ ਕੋਈ ਦੁਖੀਆ ਜਾਂ ਲੋੜਵੰਦ ਉਨ੍ਹਾਂ ਦੇ ਦਰ ਤੇ ਜਾ ਖੜ੍ਹੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲ ਗਈ ਜੇ ਮਿਲਣ ਵੀ ਤਾਂ ਉਨ੍ਹਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮੂਰਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ, ਤਰਸ ਜਾਂ ਪਿਆਰ ਨਾਲ ਸਜਲ ਨਹੀਂ ਹੋਈਆਂ। ਇੱਡੀ ਕਰੜਾਈ ਦਾ ਕਾਰਨ? ਕੇਵਲ ਇਹ ਕੀ ਇਹੋ

ਜਿਹੇ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ- ਭਾਈ ਹੁਰੀ ਆਪਣੀ ਸਾਰੀ ਜ਼ਿੰਦਗੀ ਹੈਂਡ-ਬੈਗ ਨਾਲ ਮੋਟਰਾਂ-ਗੱਡੀਆਂ ਦੇ ਸਫ਼ਰ ਵਿੱਚ ਟਪਾ ਛੱਡਦੇ ਹਨ। ਉਨ੍ਹਾਂ ਵਿੱਚ ਘਰ ਦਾ ਪਿਆਰ ਨਹੀਂ ਹੁੰਦਾ। ਇਸ ਲਈ ਉਨ੍ਹਾਂ ਦੀ ਜ਼ਿੰਦਗੀ ਰਸ ਤੋਂ ਖਾਲੀ ਕੋਰੀ ਜਿਹੀ ਹੁੰਦੀ ਹੈ।



ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਵੱਡੇ ਵੱਡੇ ਗੁਰੂਆਂ ਤੇ ਪੈਗ਼ੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉੱਤੇ ਢਾਲਦੇ ਹੋਏ ਉਨ੍ਹਾਂ ਮਹਾਂਪੁਰਖਾਂ ਨੂੰ ਵੀ ਆਪਣੇ ਜਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਕੇ ਦੱਸਦੇ ਹਨ। ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦੱਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਹੁੰਦੇ। ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਅਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ ਜਿਤਨੀਆਂ ਕਿ ਵੱਡੀ ਉਮਰ ਵਿੱਚ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਨ, ਅਲਬੇਲੀ ਤਬੀਅਤ, ਭੈਣਾਂ ਭਰਾ ਦਾ ਪਿਆਰ, ਲਾਡ ਤੇ ਰੁਸੇਵੇ, ਮਹਾਂਪੁਰਖਾਂ ਦੀ ਬਣਤਰ ਲਈ ਉੱਨੇ ਹੀ ਜ਼ਰੂਰੀ ਹਨ, ਜਿੰਨੇ ਕਿ ਆਮ ਮਨੁੱਖਾਂ ਲਈ। ਇਸ ਤਜਰਬੇ ਵਿੱਚੋਂ ਲੰਘਣ ਨਾਲ ਖ਼ਿਆਲਾਂ, ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ 'ਤੇ ਹੁੰਦੀ ਹੈ। ਜਿਨ੍ਹਾਂ ਦੀ ਜ਼ਿੰਦਗੀ ਸਧਾਰਨ ਬਣਨੀ ਹੁੰਦੀ ਹੈ ਅਤੇ ਜਿਨ੍ਹਾਂ ਨੇ ਪੂਰਨਤਾ ਪ੍ਰਾਪਤ ਕਰਨੀ ਹੁੰਦੀ ਹੈ, ਉਨ੍ਹਾਂ ਲਈ ਘਰ ਦਾ ਪਿਆਰ ਤੇ ਰੋਸਾ, ਭੈਣਾਂ ਦਾ ਥਾਂ ਥਾਂ 'ਤੇ ਵੀਰ ਨੂੰ ਬਚਾਉਣਾ ਇੱਕ ਅਜਿਹਾ ਚੌਗਿਰਦਾ ਬਣਾ ਰੱਖਦਾ ਹੈ ਜਿਸ ਤੋਂ ਉਨ੍ਹਾਂ ਦੇ ਵਲਵਲੇ ਉਚੇ ਸਾਈਂ ਦੇ ਪਿਆਰ ਵੱਲ ਪ੍ਰੇਰੇ ਜਾਂਦੇ ਹਨ ਅਤੇ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਂਚ ਆਉਂਦੀ ਹੈ। ਜਿਨ੍ਹਾਂ ਲਿਖਾਰੀਆਂ ਨੇ ਬਚਪਨ ਦੇ ਜ਼ਰੂਰੀ ਤਜ਼ਰਬੇ ਨਹੀਂ ਨੂੰ ਨਹੀਂ ਸਮਝਿਆ, ਉਨ੍ਹਾਂ ਨੇ ਈਸਾ ਦਾ ਜੀਵਨ ਉਨ੍ਹਾਂ ਦੇ ਬਚਪਨ ਦੇ ਮਾਪਿਆਂ ਦੇ ਆਚਰਣ ਨੂੰ ਬਹੁਤ ਕੋਝੇ ਰੰਗ ਵਿੱਚ ਰੰਗਿਆ। ਜੇ ਲਿਖਾਰੀਆਂ ਨੂੰ ਖਿਆਲ ਹੁੰਦਾ ਕਿ ਮਹਾਂਪੁਰਖ ਵੀ ਘਰ ਦੇ ਆਲੇ-ਦੁਆਲੇ ਵਿੱਚੋਂ ਚੰਗਾ ਲੈ ਸਕਦੇ ਹਨ, ਤਾਂ ਉਹ ਇਨ੍ਹਾਂ ਦੇ ਮਾਪਿਆਂ ਦਾ ਜ਼ਿਕਰ ਬੜੇ ਸਤਿਕਾਰ ਨਾਲ ਕਰਦੇ ਅਤੇ

ਉਨ੍ਹਾਂ ਦੇ ਘਰੋਗੀ ਚੁਗਿਰਦੇ ਵਿੱਚ ਕੁਝ ਵੀ ਮਹਾਨਤਾ ਦੇ ਚਿੰਨ੍ਹ ਲੱਭਣ ਦਾ ਜਤਨ ਕਰਦੇ। ਮੈਨੂੰ ਤਾਂ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਵਿੱਚੋਂ ਵਧੀਕ ਤੋਂ ਵਧੀਕ ਦਰਦਨਾਕ ਤੇ ਰੋਮਾਂਚ ਕਰ ਦੇਣ ਵਾਲਾ ਨਜ਼ਾਰਾ ਉਹ ਲੱਭਦਾ ਹੈ, ਜਿਸ ਵਿੱਚ ਗੁਰੂ ਜੀ ਪਰਦੇਸ-ਯਾਤਰਾ ਕਰਕੇ ਘਰ ਨੂੰ ਪਰਤਦੇ ਹਨ, ਪਰ ਦਿਲ ਨੂੰ ਕਰੜਾ ਕਰ ਕੇ ਆਪ ਬਾਹਰ ਖੂਹ ਤੇ ਬਹਿ ਜਾਂਦੇ ਹਨ ਅਤੇ ਭਾਈ ਮਰਦਾਨੇ ਨੂੰ ਆਪਣੇ ਘਰ ਵਾਲਿਆਂ ਦੀ ਖ਼ਬਰ ਸੁਰਤ ਲੈਣ ਲਈ ਪਿੰਡ ਭੇਜਦੇ ਹਨ ਪਰ ਕਹਿੰਦੇ ਹਨ ਇਹ ਨਾ ਦੱਸੀਂ ਕਿ ਮੈਂ ਵੀ ਇੱਥੇ ਆਇਆ ਹਾਂ। ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁਜਦਾ ਹੈ ਅਤੇ ਘਰ ਦਾ ਹਾਲ ਪੁੱਛ ਕੇ ਵਿਦਾ ਹੋਣ ਲੱਗਦਾ ਹੈ ਮਾਤਾ ਜੀ ਵੀ ਉਸ ਦੇ ਪਿਛੇ-ਪਿਛੇ ਪਿੰਡ ਤੋਂ ਬਾਹਰ ਉਸ ਥਾਂ ਪੁੱਜਦੇ ਹਨ ਜਿੱਥੇ ਗੁਰੂ ਜੀ ਬੈਠੇ ਹਨ। ਜੇ ਕਿਸੇ ਨੇ ਮਾਂ ਦੇ ਵਡਿੱਤਣ ਤੇ ਅਰਸ਼ੀ ਅਸਰ ਨੂੰ ਦੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹਨ। ਮਾਤਾ ਆਪਣੇ ਪੁੱਤਰ ਨੂੰ ਵੇਖ ਕੇ ਬਿਹਬਲ ਹੋ ਜਾਂਦੀ ਹੈ ਅਤੇ ਓਸ ਵੇਲੇ ਜੋ ਮਮਤਾ ਵਾਲੇ ਲਫ਼ਜ਼ ਕਹਿੰਦੀ ਹੈ, ਉਨ੍ਹਾਂ ਦਾ ਕਰੁਣਾ-ਰਸ ਉੱਚੀ ਤੋਂ ਉੱਚੀ ਕਵਿਤਾ ਤੇ ਉੱਚੇ ਤੋਂ ਉੱਚੇ ਵਲਵਲੇ ਨੂੰ ਮਾਤ ਕਰਦਾ ਹੈ। ਪੁੱਤਰ ਦਾ ਮੱਥਾ ਚੁੰਮ ਕੇ ਉਹ ਕਹਿੰਦੀ ਹੈ,"ਵੇ ਬੱਚਾ! ਮੈਂ ਵਾਰੀ! ਮੈਂ ਤੈਥੋਂ ਵਾਰੀ! ਮੈਂ ਉਨ੍ਹਾਂ ਦੇ ਦੇਸ਼ਾਂ ਤੋਂ ਵਾਰੀ! ਉਨ੍ਹਾਂ ਰਾਹਾਂ ਤੋਂ ਵਾਰੀ ਜਿਨ੍ਹਾਂ ਉੱਤੇ ਚੱਲ ਕੇ ਤੂੰ ਆਇਆ ਹੈਂ। ਜੇ ਕੋਈ ਸੁੱਕਾ ਫਿਲਾਸਫਰ ਹੁੰਦਾ ਤਾਂ ਓਸ ਵੇਲੇ ਆਪਣੀ ਮਾਂ ਨੂੰ ਕਹਿੰਦਾ,"ਜਾਂ ਭਾਈ ਜਾ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਤੂੰ ਮਾਇਆ ਦਾ ਰੂਪ ਧਾਰ ਕੇ ਮੈਨੂੰ ਭਰਮਾਉਣ ਆਈ ਹੈਂ। ਨਹੀਂ, ਗੁਰੂ ਜੀ ਮਾਤਾ ਜੀ ਦੇ ਬਚਨ ਸੁਣ ਕੇ ਫਿੰਸ ਪਏ ਅਤੇ ਉਸ ਦੇ ਚਰਨਾਂ ਉੱਤੇ ਡਿੱਗ ਕੇ ਰੋਏ, ਉਹ ਅੱਥਰੂ ਹਜ਼ਾਰ ਗਿਆਨ ਧਿਆਨ ਦਾ ਨਿਚੋੜ ਸਨ, ਹਜ਼ਾਰ ਫ਼ਰਜ਼ਾਂ ਤੇ ਪਰ-ਉਪਕਾਰਾਂ ਦੀ ਜੜ੍ਹ ਨੂੰ ਸਿੰਜਣ ਵਾਲੇ ਸਨ। ਕੀ ਗੁਰੂ ਨਾਨਕ ਸਾਹਿਬ ਦੇ ਦਿਲ ਉਤੇ ਬੀਬੀ ਨਾਨਕੀ ਦੇ ਪਿਆਰ ਦਾ ਘੱਟ ਅਸਰ ਸੀ, ਜਿਨ੍ਹਾਂ ਨੇ ਬਚਪਨ ਵਿੱਚ ਲੋਰੀਆਂ ਦੇ ਕੇ ਕੁੱਛੜ ਚੁੱਕ ਕੇ ਪਾਲਿਆ ਸੀ ਤੇ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਅਤੇ ਖਰੇ ਸੌਦੇ ਕਰਦਿਆਂ ਸਲਾਹਿਆ ਤੇ ਉਤਸ਼ਾਹਿਆ ਸੀ? ਜੇ ਉਹ ਨਾਨਕ ਸਨ ਤਾਂ ਕਿ ਉਹ 'ਨਾਨਕੀ' ਨਹੀਂ ਸਨ?

ਕੀ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਤੇ ਉਨ੍ਹਾਂ ਦੀ ਬੀਬੀ ਖ਼ਦੀਜਾ ਦਾ ਅਸਰ ਘੱਟ ਸੀ ਜਿਸ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮਦਦ ਕੀਤੀ ਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਸਭ ਤੋਂ ਪਹਿਲਾਂ ਸਮਝ ਕੇ ਉਸ ਨੂੰ ਯਕੀਨ ਕੀਤਾ ਅਤੇ ਸਦਾ ਹੌਸਲਾ ਵਧਾਇਆ? ਜਦ ਹਜ਼ਰਤ ਮੁਹੰਮਦ ਨੂੰ ਰੱਬ ਵੱਲੋਂ ਬਾਣੀ ਉਤਰਦੀ ਸੀ ਤਾਂ ਉਹ ਥੱਕ ਕੇ ਇੰਨੀ ਨਿਸਲ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਆਰਾਮ ਦੇ ਕੇ ਮੁੜ ਅਸਲੀ ਹਾਲਾਤ ਤੇ ਲਿਆਉਣ ਵਾਲੀ ਖ਼ਦੀਜਾ ਹੀ ਸੀ ਜੋ ਉਨ੍ਹਾਂ ਦਾ ਸਿਰ ਆਪਣੇ ਪੱਟਾਂ ਉੱਤੇ ਰੱਖ ਕੇ ਸਭ ਥਕੇਵੇਂ ਦੂਰ ਕਰ ਦਿੰਦੀ ਸੀ।

ਜੇ ਕਾਰਲਾਇਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇਨ੍ਹਾਂ ਕਿਝੂ ਤੇ ਸੜੂ ਨਾ ਹੁੰਦਾ। ਉਹ ਆਪਣੇ ਕਮਰੇ ਵਿੱਚ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ ਤੇ ਉਸ ਦੀ ਵਹੁਟੀ ਵੱਖ ਬਰਾਂਡੇ ਵਿੱਚ ਬੈਠੀ ਆਏ-ਗਏ ਨੂੰ ਤ੍ਰਾਂਹਦੀ ਰਹਿੰਦੀ। ਜਦ ਕਦੀ ਉਹ ਹੀਆ ਕਰਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ ਚੁੱਪ ਦੇ ਮਜ਼ਮੂਨ ਉੱਤੇ ਅਮੁੱਖ ਸਿੱਖਿਆ ਦੇਣ ਦਾ ਕੀ ਲਾਭ

ਜਦ ਉਸਦੀ ਆਪਣੀ ਕਲਮ ਚੁੱਪ ਨਹੀਂ ਕਰਦੀ ਅਤੇ ਅਹਿਮਕ ਨਾਈ ਦੀ ਕੈਂਚੀ ਪੁੱਤਰ ਵਾਕਰ ਲੁੱਤਰ-ਲੁੱਤਰ ਕਰਦੀ ਰਹਿੰਦੀ ਹੈ? ਉਸ ਦੀ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰਗੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇੱਕ ਘਰ ਦੀ ਸੁਆਣੀ ਨੂੰ ਵੀ ਆਰਾਮ ਨਾ ਦੇ ਸਕੇ।



ਅੱਜ ਕੱਲ੍ਹ ਬਹੁਤ ਸਾਰੇ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਅਤੇ ਬਾਜ਼ਾਰੀ ਰਹਿਣੀ ਬਹਿਣੀ ਦਾ ਵਾਧਾ ਹੈ। ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ ਬਾਲ ਬੱਚੇ ਤਿੰਨ ਤੀਵੀਂ ਨਾਲ ਜੀਵਨ ਬਿਤਾਉਣ ਦੀ ਥਾਂ ਕਲੱਬਾਂ ਦੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚ ਉਹ ਘਰੋਗੀ ਜ਼ਿੰਮੇਵਾਰੀ, ਉਹ ਬਰਾਦਰੀ ਵਾਲੀ ਸ਼ਰਾਫ਼ਤ ਅਤੇ ਉਹ ਮਿੱਠਤ ਤੇ ਨਿਮ੍ਰਤਾ ਵਾਲੇ ਗੁਣ ਘੱਟ ਰਹੇ ਹਨ ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿੱਚ ਕੇਵਲ ਇਤਨੀ ਦਿਲਚਸਪੀ ਦੱਸੀ ਜਾਂਦੀ ਹੈ ਜਿਤਨੀ ਕਿ ਉਹਨਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਸੂਕੇ ਬਾਂਕੇ ਬਣ ਕੇ ਵਿਖਾਉਣ ਜੋਗਾ ਬਣਾ ਦੇਵੇ। ਇਹ ਬਹੁਤ ਘੱਟ ਦੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਅਤੇ ਘਰ ਦੇ ਬੰਦਿਆਂ ਲਈ ਕੋਈ ਦਿਮਾਗ਼ੀ, ਸਦਾਚਾਰਕ ਜਾਂ ਆਤਮਕ ਉਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਸਵਾਦੀ ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਿਆਨ ਵਧਾਉਣ ਦਾ ਯਤਨ ਕਰਦੇ ਹੋਵੇ। ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਵੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਿਕ ਵਰਤੋਂ ਵਿੱਚ ਕੋਰੇ ਜਿਹੇ ਗ਼ੈਰ-ਜ਼ਿੰਮੇਵਾਰ ਅਤੇ ਕੋਈ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ। ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗ ਦੀ ਰਹਿਣੀ ਬਹਿਣੀ ਹੈ। ਜਿਹੜਾ ਮੁੰਡਾ ਬਚਪਨ ਤੋਂ ਲੈ ਕੇ ਉਮਰ ਦਾ ਚੋਖਾ ਹਿੱਸਾ ਮਾਂ, ਭੈਣ, ਭਰਾ ਤੇ ਗੁਆਂਢੀਆਂ ਤੋਂ ਵੱਖਰਾ ਰਹਿ ਕੇ ਬੋਰਡਿੰਗ ਵਿੱਚ ਕੱਟਦਾ ਹੈ, ਉਸ ਵਿੱਚ ਘਰੋਗੀ ਗੁਣ (ਲੱਜਾ, ਹਮਦਰਦੀ, ਬਰਾਦਰੀ ਦਾ ਸਨਮਾਨ ਆਦਿ) ਨਹੀਂ ਪੈਦਾ ਹੁੰਦੇ। ਚਾਚੀ ਮਰ ਜਾਏ ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ। ਮਾਂ ਨੂੰ ਨਾਲ ਜਾ ਕੇ ਕਹਿਣਾ ਪੈਂਦਾ ਹੈ," ਕਾਕਾ ਚਾਚੀ ਲਈ ਅਫਸੋਸ ਕਰਨ ਆਇਆ ਹੈ।"



ਅਸਲੀ ਧਾਰਮਿਕ ਜੀਵਨ ਦੀ ਨੀਂਹ ਘਰ ਦੀ ਰਹਿਣੀ-ਬਹਿਣੀ ਵਿੱਚ ਰੱਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ ਵਲ ਘੱਟ ਹੋਣ ਕਰਕੇ ਧਾਰਮਕ ਰਹਿਣੀ ਭੀ ਇੱਕ ਲੋਕ ਚਾਰਾ ਬਣ ਗਈ ਹੈ। ਧਰਮ ਘਰਾਂ ਵਿੱਚੋਂ ਨਿਕਲ ਕੇ ਬਾਜ਼ਾਰਾਂ ਵਿੱਚ ਆ ਗਿਆ ਹੈ। ਲੋਕੀਂ ਧਰਮ ਦੀ ਕਮਾਈ ਬਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿੱਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾ ਅਰਦਾਸ ਨੂੰ ਸੁਣ ਛਡਣ। ਘਰ ਵਿੱਚ ਇਸਤਰੀ ਬੱਚਿਆਂ ਨਾਲ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਦੇਖੀ ਜਾਂਦੀ ਹੈ। ਪਰ ਅਸਲ ਵਿੱਚ ਧਾਰਮਿਕ ਰੁਚੀ ਕੇਵਲ ਉਸੇ ਆਦਮੀ ਦੇ ਅੰਦਰ ਪੈਦਾ ਹੋ ਸਕਦੀ ਹੈ ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਿਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ।

ਜਿਹੜੇ ਲੋਕੀਂ ਘਰੋਗੀ ਜੀਵਨ ਛੱਡ ਕੇ ਸਾਧ ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਉਤਨਾ ਔਖਾ ਹੈ ਜਿਤਨਾ ਕਿ ਉਸ ਕਿਸਾਨ ਲਈ ਜੋ ਜ਼ਿਮੀ ਨੂੰ ਛੱਡ ਕੇ ਹਵਾ ਵਿੱਚ ਬੀ ਬੀਜਣਾ ਚਾਹੇ।


ਵੱਡੇ ਵੱਡੇ ਮਹਾਂ ਪੁਰਖ ਅਖਵਾਉਣ ਵਾਲੇ ਜੇ ਗ੍ਰਹਿਸਥ ਤੋਂ ਕੰਨੀ ਕਤਰਾਂਦੇ ਹਨ, ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝੱਟ ਡਿਗ ਜਾਂਦੇ ਸਨ। ਕਈ ਤਾਂ ਇਸੇ ਡਰ ਤੋਂ ਕਿ ਕਿਧਰੇ ਮਾਇਆ ਵਿੱਚ ਫਸ ਨਾ ਜਾਈਏ, ਜੰਮਦਿਆਂ ਹੀ ਕਰਮੰਡਲ ਚੁੱਕ ਕੇ ਬਨਵਾਸ ਕਰਨ ਚਲੇ ਜਾਂਦੇ ਸਨ। ਅੰਤ ਇਹੋ ਜਿਹਿਆ ਨੂੰ ਭੀ ਠੀਕ ਰਸਤਾ ਲੱਭਦਾ ਸੀ ਤਾਂ ਰਾਜੇ ਜਨਕ ਵਰਗਿਆ ਤੋਂ। ਇਸੇ ਲਈ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਕਿਉਂਕਿ ਸਦਾਚਾਰ ਬਣਦਾ ਹੀ ਜੀਵਨ ਤੋਂ ਹੈ।

ਜਿਸ ਨੇ ਕਿਸੇ ਵਿਹਾਰ ਵਿੱਚ ਪੈ ਕੇ ਨਿੱਤ ਨਿੱਤ ਬਦ-ਦਿਆਨਤੀ ਦਾ ਟਾਕਰਾ ਨਹੀਂ ਕੀਤਾ, ਉਸ ਨੇ ਦਿਆਨਤਦਾਰ ਦੇ ਗੁਣ ਨੂੰ ਕਿਵੇਂ ਸਿਖਾਣਾ ਹੋਇਆ? ਇਸੇ ਤਰ੍ਹਾਂ ਜਿਸ ਨੇ ਪਿਤਾ, ਮਾਤਾ, ਭਰਾ ਭੈਣ, ਪੁੱਤਰ ਧੀ ਬਣ ਕੇ ਇਨ੍ਹਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ, ਉਸ ਨੂੰ ਇਨ੍ਹਾਂ ਸਬੰਧਾਂ ਵਿੱਚੋਂ ਪੈਦਾ ਹੋਏ ਗੁਣ, ਪਿਤਾਪੁਣਾ ਆਦਿ ਕਿਵੇਂ ਆ ਸਕਦੇ ਹਨ?

ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਆਦਿ ਗੁਣ ਕਦੀ ਭੀ ਨਹੀਂ ਸਿੱਖੇ ਜਾ ਸਕਦੇ ਜਦ ਤਕ ਕਿ ਮਨੁੱਖ ਘਰ ਦੇ ਸਬੰਧੀਆਂ ਨਾਲ ਪਿਆਰ, ਉਨ੍ਹਾਂ ਦੀ ਸੰਭਾਲ ਲਈ ਉੱਦਮ ਤੇ ਲਿਆਕਤ ਨਾ ਪੈਦਾ ਕਰੇ।

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ। ਕੇਵਲ ਓਹੀ ਲੋਕ ਆਪਣੇ ਮੁਲਕ ਉਤੇ ਹਮਲੇ ਜਾਂ ਅੱਤਿਆਚਾਰ ਹੁੰਦੇ ਨਹੀਂ ਸਹਾਰ ਸਕਦੇ ਜਿਨ੍ਹਾਂ ਦੇ ਘਰਾਂ ਨੂੰ, ਟੱਬਰਾਂ ਨੂੰ, ਵਹੁਟੀ ਤੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖਤਰਾ ਹੁੰਦਾ ਹੈ। ਮੈਨੂੰ ਹਿੰਦੁਸਤਾਨ ਉਤਨਾ ਹੀ ਪਿਆਰਾ ਹੈ ਜਿਤਨਾ ਕਿ ਮੇਰੇ ਆਪਣੇ ਅਡਿਆਲੇ ਪਿੰਡ ਦਾ ਕੱਚਾ ਕੋਠਾ ਅਤੇ ਉਸ ਵਿੱਚ ਵੱਸਦੇ ਬੰਦੇ ਪਿਆਰੇ ਹਨ। ਮੈਨੂੰ ਯਾਦ ਹੈ ਜਦ ਮੈਂ ਰਾਵਲਪਿੰਡੀ ਪੜ੍ਹਦਾ ਹੁੰਦਾ ਸਾਂ ਤਾਂ ਹਰ ਹਫ਼ਤੇ ਐਤਵਾਰ ਕੱਟਣ ਨੂੰ ਆਪਣੇ ਪਿੰਡ ਜਾਂਦਾ ਹੁੰਦਾ ਸਾਂ।

ਜਦ ਮੈਂ ,ਚੀਰ ਪੜਾਂ' ਤੋਂ ਲੰਘਕੇ ਤ੍ਰਿਪਿਆ ਕੋਲ ਪੁੱਜਦਾ ਸਾਂ, ਜਿੱਥੇ ਇਕ ਟਿੱਬੇ ਦੇ ਓਹਲੇ ਮੇਰਾ ਪਿੰਡ ਵਸਦਾ ਦਿਸਦਾ ਸੀ, ਤਾਂ ਪਿੰਡ ਦੀ ਪਿਆਰੀ ਝਾਕੀ ਅੱਖਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਮੈਂ ਉਸ ਟਿੱਬੇ ਕੋਲ ਠਹਿਰ ਜਾਂਦਾ ਸਾਂ, ਅਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਝਾਕਣ ਦਾ ਹੀਆ ਕਰਦਾ ਸਾਂ। ਮੁੜਦੀ ਵੇਰ ਭੀ ਪਿੰਡ ਨੂੰ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਮੁੜ ਮੁੜ ਦੇਖਦਾ ਸਾਂ। ਪਿੰਡ ਕਿੱਡਾ ਪਿਆਰਾ ਸੀ ਅਤੇ ਉਸ ਵਿੱਚ ਵਾਸਤੇ ਮੇਰੇ ਸਬੰਧੀ ਹੋਰ ਵੀ ਪਿਆਰੀ ਸਨ।



1. ਘਰ ਦਾ ਪਿਆਰ ਨਿਬੰਧ ਦਾ ਸਾਰ ਲਿਖੋ ?

ਘਰ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਉਸ ਨੇ ਮਾਂ, ਭੈਣ ਅਤੇ ਭਰਾ ਦਾ ਪਿਆਰ ਮਾਣਿਆ ਹੁੰਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸੀ ਰਹਿਣੀ-ਬਹਿਣੀ ਦਾ ਕੇਂਦਰ ਹੁੰਦਾ ਹੈ। ਇਹ ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸਮਾਜਿਕ ਤੇ ਸੰਸਾਰਿਕ ਆਲੇ ਦੁਆਲੇ ਜਿੰਨਾ ਹੀ ਹਿੱਸਾ ਪਾਉਂਦਾ ਹੈ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਦਾ ਸੁਭਾਅ ਸੜੀਅਲ ਤੇ ਖਿਝੂ ਹੈ।

ਵੱਡੇ-ਵੱਡੇ ਪੰਡਾਲਾਂ ਵਿੱਚ ਕਥਾ ਕਰਕੇ ਜਾਂ ਵਿਖਿਆਨ ਦੇ ਕੇ ਆਪਣੀ ਵਿਦਵਤਾ ਨਾਲ ਦੂਜਿਆਂ ਨੂੰ ਹੈਰਾਨ ਕਰਨ ਵਾਲਿਆਂ ਦਾ ਸੁਭਾਅ ਆਮ ਕਰਕੇ ਰੁੱਖਾ ਹੁੰਦਾ ਹੈ, ਕਿਉਂਕਿ ਅਜਿਹੇ ਆਦਮੀ ਹਰ ਵੇਲੇ ਪੋਥੀਆਂ ਪੜ੍ਹਨ ਜਾਂ ਇਧਰ-ਉਧਰ ਸਫ਼ਰ ਕਰਨ ਵਿੱਚ ਹੀ ਲੱਗੇ ਰਹਿੰਦੇ ਹਨ। ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਗੁਰੂਆਂ ਤੇ ਪੈਗ਼ੰਬਰਾਂ ਦੇ ਜੀਵਨ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦੇ ਹਨ, ਜਿਵੇਂ ਉਹ ਤੋਤਲੀਆਂ ਗੱਲਾਂ ਕਰਨ ਵਾਲੇ ਭਾਜਪਾ ਵਿੱਚੋਂ ਲੰਘੇ ਹੀ ਨਹੀਂ ਤੇ ਉਹ ਬਚਪਨ ਵਿੱਚ ਹੀ ਪਰਮਾਰਥ ਦੀਆਂ ਗੱਲਾਂ ਕਰਦੇ ਸਨ। ਉਹ ਇਹ ਨਹੀਂ ਜਾਣਦੇ ਕਿ ਬੱਚਿਆਂ ਦਾ ਭੋਲਾਪਨ, ਅਲਬੇਲਾਪਣ, ਭੈਣ-ਭਰਾ ਦਾ ਪਿਆਰ ਅਤਰ ਲਾਡ-ਰੁਸੇਵੇਂ ਮਹਾਂਪੁਰਖਾਂ ਦੀ ਬਣਤਰ ਵਿੱਚ ਉਹੋਂ ਥਾਂ ਹੀ ਰੱਖਦੇ ਹਨ, ਜੋ ਆਮ ਲੋਕਾਂ ਵਿੱਚ। ਅੱਜ-ਕੱਲ੍ਹ ਫੈਲ ਰਹੀ ਦੁਰਾਚਾਰੀ ਦਾ ਕਾਰਨ ਘਰੋਗੀ ਵਸੋਂ ਦਾ ਘਾਟਾ ਹੈ ਤੇ ਬਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਵਿਦਿਆਰਥੀਆਂ ਵਿੱਚ ਸਮਾਜਿਕ ਵਰਤੋਂ ਵਿੱਚ ਕੋਰਾਪਣ, ਗ਼ੈਰ-ਜ਼ਿੰਮੇਵਾਰੀ ਤੇ ਸਦਾਚਾਰਕ ਗਿਰਾਵਟਾਂ ਆਉਣ ਦਾ ਕਾਰਨ ਵੀ ਉਨ੍ਹਾਂ ਦੀ ਘਰਾਂ ਨੂੰ ਛੱਡ ਕੇ ਬੋਰਡਿੰਗਾਂ ਦੀ ਰਹਿਣੀ ਬਹਿਣੀ ਹੈ।

ਅਸਲੀ ਧਾਰਮਿਕ ਜੀਵਨ ਦੀ ਨੀਂਹ ਵੀ ਘਰੋਗੀ ਰਹਿਣੀ-ਬਹਿਣੀ ਵਿੱਚ ਹੀ ਰੱਖੀ ਜਾ ਸਕਦੀ ਹੈ ਅਤੇ ਇਸੇ ਕਰਕੇ ਹੀ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਹੈ। ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਕੇਵਲ ਉਹ ਲੋਕ ਹੀ ਆਪਣੇ ਦੇਸ਼ ਉੱਪਰ ਅੱਤਿਆਚਾਰੀ ਹਮਲੇ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਜਿਨ੍ਹਾਂ ਨੂੰ ਆਪਣੇ ਘਰ ਤੇ ਉਸ ਵਿੱਚ ਵਸਦੇ ਪਰਿਵਾਰ' ਪਤਨੀ ਅਤੇ ਬੱਚਿਆਂ ਦੇ ਨੁਕਸਾਨ ਦਾ ਡਰ ਹੁੰਦਾ ਹੈ।

2. ਘਰ ਦਾ ਪਿਆਰ ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ ?

ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਮਾਂ, ਭੈਣ ਅਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ; ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ; ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ।

3. ਘਰ ਮਨੁੱਖ ਦੇ ਨਿੱਜੀ ਵਲ਼ਵਲਿਆਂ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ ? ਵਿਚਾਰ ਕਰੋ।

ਇਹ ਕਥਨ ਬਿਲਕੁਲ ਠੀਕ ਹੈ ਕਿ ਘਰ ਮਨੁੱਖ ਦੇ ਨਿੱਜੀ ਵਲ਼ਵਲਿਆਂ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਜਿੱਥੇ ਉਸ ਦੇ ਆਚਰਨ ਨੂੰ ਬਣਾਉਣ ਵਿੱਚ ਸਮਾਜਿਕ ਅਤੇ ਮੁਲਕੀ ਆਲੇ ਦੁਆਲੇ ਦਾ ਪ੍ਰਭਾਵ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਵੀ ਘੱਟ ਕੰਮ ਨਹੀਂ ਕਰਦੇ। ਉਸ ਦੀਆਂ ਰੁਚੀਆਂ ਅਤੇ ਸੁਭਾਅ ਇਸੇ ਸਾਂਚੇ ਵਿੱਚ ਹੀ ਢਲਦੇ ਹਨ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਕੋੜੇ, ਸੜੀਅਲ ਅਤੇ ਖਿਝੂ ਹੁੰਦੇ ਹਨ, ਜਦ ਕਿ ਘਰ ਵਿਚਲਾ ਸਬੰਧੀਆਂ ਦਾ ਪਿਆਰ ਮਨੁੱਖ ਵਿੱਚ ਪਿਆਰ, ਹਮਦਰਦੀ, ਨਿਮਰਤਾ, ਕੁਰਬਾਨੀ ਤੇ ਸੇਵਾ ਦੇ ਗੁਣ ਪੈਦਾ ਕਰਦਾ ਹੈ।

4. ਘਰ ਦਾ ਪਿਆਰ ਲੇਖ ਵਿੱਚ ਲੇਖਕ ਨੇ ਇੱਕ ਬਿਰਧ ਬੀਵੀ ਦਾ ਸੁਭਾਅ ਕਿਹੋ ਜਿਹਾ ਚਿੱਤਰਿਆ ਹੈ ?

ਲੇਖਕ ਦੱਸਦਾ ਹੈ ਕਿ ਉਸ ਦੇ ਜਾਣਕਾਰ ਬਿਰਧ ਬੀਬੀ ਜੀ ਨੇਕੀ, ਉਪਕਾਰ ਤੇ ਹਮਦਰਦੀ ਦੇ ਪੁਤਲੇ ਹਨ। ਨਿੱਤਨੇਮ ਨਾਲ ਗੁਰਦੁਆਰੇ ਜਾਂਦੇ ਹਨ। ਬੱਚਿਆਂ ਨੂੰ ਦੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ ਪਰ ਉਨ੍ਹਾਂ ਦਾ ਸੁਭਾਅ ਬਹੁਤ ਖਰਵਾ ਹੈ। ਨਿੱਕੀ-ਨਿੱਕੀ ਗੱਲ ਉੱਤੇ ਖਿਝ ਜਾਂਦੇ ਹਨ ਤੇ ਗੁੱਸੇ ਵਿੱਚ ਆਪੇ ਤੋਂ ਬਾਹਰ ਹੋ ਜਾਂਦੇ ਹਨ ਉਨ੍ਹਾਂ ਦੇ ਸੁਭਾਅ ਦੀ ਨਰਮੀ ਤੇ ਕੋਮਲਤਾ, ਉਨ੍ਹਾਂ ਦੇ ਗੁੱਸੇ ਹੇਠ ਛਿਪ ਜਾਂਦੇ ਹਨ। ਉਨ੍ਹਾਂ ਦੇ ਇਸ ਝੱਲਪੁਣੇ ਦਾ ਕਾਰਨ ਉਨ੍ਹਾਂ ਦੇ ਜੀਵਨ ਵਿੱਚ ਪਿਆਰ ਦੇ ਪਿਆਰ ਦੀ ਕਮੀ ਹੈ ਪਤੀ ਜਵਾਨੀ ਵਿੱਚ ਹੀ ਸਾਥ ਛੱਡ ਗਿਆ ਤੇ ਝੋਲੀ ਧੀਆਂ ਪੁੱਤਰਾਂ ਤੋਂ ਖ਼ਾਲੀ ਰਹੀ ਘਰ ਦਾ ਪਿਆਰ ਨਹੀਂ ਮਿਲਿਆ।

5. ਮਹਾਨ ਵਿਅਕਤੀਆਂ ਦੇ ਚਰਿੱਤਰ ਵਿੱਚ ਕਰਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ?

ਘਰ ਦਾ ਪਿਆਰ ਮਹਾਨ ਵਿਅਕਤੀਆਂ ਦੇ ਜੀਵਨ ਵਿੱਚ ਵੀ ਓਨਾ ਹੀ ਮਹੱਤਵਪੂਰਨ ਹੁੰਦਾ ਹੈ, ਜਿੰਨਾ ਆਮ ਮਨੁੱਖਾਂ ਦੇ ਜੀਵਨ ਵਿੱਚ। ਇਸ ਵਿੱਚੋਂ ਲੰਘਣ ਨਾਲ ਖ਼ਿਆਲਾਂ, ਵਲ਼ਵਲਿਆਂ ਅਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ। ਆਮ ਮਨੁੱਖ ਨੂੰ ਬਚਪਨ ਦਾ ਦੌਰ ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ, ਪ੍ਰੰਤੂ ਜਿਨ੍ਹਾਂ ਨੇ ਮਹਾਨ ਕੰਮ ਕਰਨੇ ਹੁੰਦੇ ਹਨ, ਉਨ੍ਹਾਂ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਤੇ ਰੁਦੇਵਾਂ, ਭੈਣਾਂ ਦਾ ਥਾਂ-ਥਾਂ ਵੀਰਾਂ ਨੂੰ ਬਚਾਉਣਾ ਇੱਕ ਅਜਿਹਾ ਚੁਗਿਰਦਾ ਤਿਆਰ ਕਰਦਾ ਹੈ, ਜਿਸ ਤੋਂ ਉਨ੍ਹਾਂ ਦੇ ਵਲਵਲੇ ਉੱਚੇ ਸਾਈਂ ਦੇ ਪਿਆਰ ਵੱਲ ਪ੍ਰੇਰੇ ਜਾਂਦੇ ਹਨ ਜਿਸ ਤੋਂ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਚ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਪਰ ਵੀ ਘਰ ਦੇ ਪਿਆਰ ਦਾ ਪ੍ਰਤੱਖ ਅਸਰ ਦੇਖਿਆ ਜਾ ਸਕਦਾ ਹੈ।

6. ਲੇਖਕ ਨੇ ਗੁਰੂ ਨਾਨਕ ਦੇਵ ਜੀ ਤੇ ਮਾਤਾ ਨਾਲ ਮਿਲਾਪ ਦਾ ਦ੍ਰਿਸ਼ ਕਿਹੋ ਜਿਹਾ ਪੇਸ਼ ਕੀਤਾ ਹੈ ?

ਗੁਰੂ ਨਾਨਕ ਦੇਵ ਜੀ ਪ੍ਰਦੇਸ ਯਾਤਰਾ ਕਰਨ ਮਗਰੋਂ ਵਾਪਸ ਤਲਵੰਡੀ ਪਰਤੇ, ਪਰ ਉਹ ਘਰ ਜਾਣ ਦੀ ਥਾਂ ਪਿੰਡੋਂ ਬਾਹਰ ਇੱਕ ਖੂਹ ਉੱਤੇ ਬੈਠ ਗਏ। ਮਰਦਾਨਾ ਮਾਤਾ ਤ੍ਰਿਪਤਾ ਕੋਲ ਪੁੱਜਾ ਤੇ ਘਰ ਦਾ ਹਾਲ ਚਾਲ ਪੁੱਛ ਕੇ ਵਾਪਸ ਮੁੜ ਗਿਆ। ਇਸ ਸਮੇਂ ਮਾਤਾ ਜੀ ਵੀ ਉਸ ਦੇ ਮਗਰ-ਮਗਰ ਉੱਥੇ ਜਾ ਪੁੱਜੀ, ਜਿੱਥੇ ਗੁਰੂ ਜੀ ਬੈਠੇ ਸਨ। ਉਹ ਪੁੱਤਰ ਨੂੰ ਦੇਖ ਕੇ ਬਿਹਬਲ ਹੋ ਗਈ ਤੇ ਉਸ ਵੇਲੇ ਉਸ ਦੇ ਮੂੰਹੋਂ ਜੋ ਮਮਤਾ ਭਰੇ ਸ਼ਬਦ ਨਿਕਲੇ, ਉਹ ਇਸ ਦ੍ਰਿਸ਼ ਨੂੰ ਬੜਾ ਕਰੁਣਾਮਈ ਤੇ ਰੋਮਾਂਚਕਾਰੀ ਬਣਾ ਦਿੰਦੇ ਹਨ।

7. ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਬੀਬੀ ਖ਼ਦੀਜਾ ਕਿਵੇਂ ਵਿਚਰਦੀ ਸੀ ? ਆਪਣੇ ਸ਼ਬਦਾਂ ਵਿੱਚ ਲਿਖੋ ।

ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਬੀਬੀ ਖ਼ਦੀਜਾ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮੱਦਦ ਕੀਤੀ ਅਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਪਹਿਲਾਂ ਸਮਝ ਕੇ ਉਸ ਵਿੱਚ ਯਕੀਨ ਕਰਦਿਆਂ ਉਨ੍ਹਾਂ ਦਾ ਹੌਸਲਾ ਵਧਾਇਆ। ਜਦੋਂ ਮੁਹੰਮਦ ਸਾਹਿਬ ਨੂੰ ਬਾਣੀ ਉਤਰਦੀ ਸੀ, ਤਾਂ ਉਹ ਥੱਕ ਕੇ ਇੰਨੇ ਨਿਸਲ ਹੋ ਜਾਂਦੇ ਸਨ ਕਿ ਬੀਬੀ ਖ਼ਦੀਜਾ ਉਨ੍ਹਾਂ ਨੂੰ ਪਿਆਰ ਨਾਲ ਅਰਾਮ ਦੇ ਕੇ ਉਨ੍ਹਾਂ ਦੇ ਥਕੇਵੇਂ ਨੂੰ ਦੂਰ ਕਰ ਦਿੰਦੀ ਸੀ।

8. ਕਾਰਲਾਇਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ ਜਿਹਾ ਸੀ ਤੇ ਕਿਉਂ?

ਕਾਰਲਾਇਲ ਅਸਲ ਵਿੱਚ ਆਪਣੇ ਕਮਰੇ ਵਿੱਚ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ ਅਤੇ ਉਸ ਦੀ ਪਤਨੀ ਨਾਲ ਦੇ ਕਮਰੇ ਵਿੱਚ ਵੱਖ ਬੈਠੀ ਆਏ ਗਏ ਨਾਲ ਗੁੱਸੇ ਵਿੱਚ ਬੋਲਦੀ ਰਹਿੰਦੀ। ਜਦੋਂ ਕਦੀ ਉਹ ਹੌਸਲਾ ਕਰਕੇ ਪਤੀ ਦਾ ਬੂਹਾ ਖੋਲ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਉਸ ਨੂੰ ਖਾਣ ਨੂੰ ਪੈਂਦਾ ਅਤੇ ਅੰਦਰੋਂ ਬਾਹਰ ਕੱਢ ਦਿੰਦਾ। ਇਸ ਦਾ ਕਾਰਨ ਉਸ ਦਾ ਆਪਣੀ ਪਤਨੀ ਨੂੰ ਪਿਆਰ ਨਾ ਕਰਨਾ ਸੀ। ਜੇਕਰ ਉਹ ਉਸ ਨੂੰ ਪਿਆਰ ਕਰਦਾ, ਤਾਂ ਉਹ ਇਨ੍ਹਾਂ ਸੜੂ ਤਰ ਖਿਝੂ ਨਾ ਹੁੰਦਾ।

9. ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ ? ਦਲੀਲਾਂ ਦੇ ਕੇ ਸਿੱਧ ਕਰੋ।

ਇਹ ਵਿਚਾਰ ਬਿਲਕੁਲ ਠੀਕ ਹੈ ਕਿ ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਜਿਹੜਾ ਮਨੁੱਖ ਆਪਣੇ ਘਰ ਵਿੱਚ ਆਪਣੇ ਮਾਤਾ-ਪਿਤਾ, ਪਤਨੀ ਤੇ ਬੱਚਿਆਂ ਨੂੰ ਪਿਆਰ ਨਹੀਂ ਕਰਦਾ, ਉਸ ਵਿੱਚ ਸਮਾਜ ਅਤੇ ਦੇਸ਼ ਦਾ ਪਿਆਰ ਵੀ ਪੈਦਾ ਨਹੀਂ ਹੋ ਸਕਦਾ। ਅਸਲ ਵਿੱਚ ਸਾਡੇ ਘਰ ਵਿੱਚ ਵੱਸਦਾ ਪਰਿਵਾਰ ਸਮਾਜ ਅਤੇ ਦੇਸ਼ ਦੀ ਇੱਕ ਇਕਾਈ ਹੁੰਦਾ ਹੈ। ਇਸ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ।

**10. ਮਨੁੱਖ ਦੀਆਂ ਧਾਰਮਿਕ ਰੁਚੀਆਂ ਨੂੰ ਬਲਵਾਨ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ ?**

ਲੇਖਕ ਦਾ ਵਿਚਾਰ ਹੈ ਕਿ ਅਸਲ ਧਾਰਮਿਕ ਜੀਵਨ ਦੀ ਨੀਂਹ ਘਰ ਦੀ ਰਹਿਣੀ-ਬਹਿਣੀ ਵਿੱਚ ਹੀ ਰੱਖੀ ਜਾ ਸਕਦੀ ਹੈ ਪ੍ਰੰਤੂ ਅੱਜ ਲੋਕਾਂ ਦੀ ਰੁਚੀ ਘਰਾਂ ਵਿੱਚ ਘੱਟ ਹੋਣ ਕਰਕੇ ਧਾਰਮਿਕ ਰਹਿਣੀ ਵੀ ਲੋਕਾਚਾਰ ਹੀ ਬਣ ਕੇ ਰਹਿ ਗਈ ਹੈ। ਲੋਕੀਂ ਬੱਸ ਇਹੋ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿੱਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਸੁਣ ਛੱਡਣਾ ਹੀ ਧਾਰਮਿਕ ਜੀਵਨ ਹੈ। ਘਰ ਵਿੱਚ ਪਤਨੀ ਤੇ ਬੱਚਿਆਂ ਨਾਲ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਦੇਖੀ ਜਾਂਦੀ ਹੈ। ਪਰ ਅਸਲ ਧਾਰਮਿਕ ਰੁਚੀਆਂ ਉਸੇ ਮਨੁੱਖ ਵਿੱਚ ਹੀ ਪੈਦਾ ਹੋ ਸਕਦੀਆਂ ਹਨ, ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਿਕ ਸੰਸਕਾਰ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੀਆਂ ਧਾਰਮਿਕ ਰੁਚੀਆਂ ਘਰ ਵਿੱਚ ਹੀ ਬਲਵਾਨ ਹੁੰਦੀਆਂ ਹਨ।

**11. "ਘਰ ਘੱਟ ਰਹੇ ਅਤੇ ਹੋਟਲ ਵਧ ਰਹੇ ਹਨ।" ਲੇਖਕ ਅਨੁਸਾਰ ਇਸ ਦਾ ਸਦਾਚਾਰੀ ਜੀਵਨ ਉੱਤੇ ਕੀ ਪ੍ਰਭਾਵ ਰਿਹਾ ਹੈ ?**

ਲੇਖਕ ਦੱਸਦਾ ਹੈ ਕਿ ਅੱਜ-ਕੱਲ੍ਹ ਲੋਕਾਂ ਵਿੱਚ ਘਰੋਗੀ ਜੀਵਨ ਨੂੰ ਛੱਡ ਕੇ ਬਜ਼ਾਰੀ ਰਹਿਣੀ-ਬਹਿਣੀ ਵਧ ਰਹੀ ਹੈ। ਲੋਕ ਘਰਾਂ ਦੇ ਸਦਾਚਾਰੀ ਪ੍ਰਭਾਵ ਨੂੰ ਭੁੱਲ ਕੇ ਪਤਨੀ ਤੇ ਬਾਲ-ਬੱਚੇ ਨਾਲ ਜੀਵਨ ਗੁਜ਼ਾਰਨ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਨ ਲੱਗੇ ਹਨ, ਜਿਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਘਰੋਗੀ ਜ਼ਿੰਮੇਵਾਰੀ, ਬਰਾਦਰੀ ਵਾਲੀ ਸ਼ਰਾਫ਼ਤ, ਮਿੱਠਤ ਅਤੇ ਨਿਮਰਤਾ ਵਰਗੇ ਸਦਾਚਾਰਕ ਗੁਣ ਘੱਟ ਰਹੇ ਹਨ।

**12. ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ ? ਬਿਆਨ ਕਰੋ।**

ਲੇਖਕ ਦੱਸਦਾ ਹੈ ਕਿ ਜਦੋਂ ਉਹ ਰਾਵਲਪਿੰਡੀ ਵਿੱਚ ਪੜ੍ਹਦਾ ਹੁੰਦਾ ਸੀ, ਤਾਂ ਉਹ ਹਰ ਹਫ਼ਤੇ ਐਤਵਾਰ ਨੂੰ ਪਿੰਡ ਜਾਂਦਾ ਹੁੰਦਾ ਸੀ। ਜਦੋਂ ਉਹ ਰਸਤੇ ਵਿੱਚ ਚੀਰ ਪੜਾਂ ਤੋਂ ਲੰਘ ਕੇ ਤ੍ਰਪਿਆਂ ਕੋਲ ਪੁੱਜਦਾ ਸੀ ਤਾਂ ਉਹ ਟਿੱਬੇ ਦੇ ਓਹਲੇ ਵਸੇ ਆਪਣੇ ਪਿੰਡ ਦੀ ਪਿਆਰੀ ਝਾਕੀ ਅੱਖਾਂ ਸਾਹਮਣੇ ਆਉਣ ਤੋਂ ਪਹਿਲਾਂ ਟਿੱਬੇ ਕੋਲ ਠਹਿਰ ਜਾਂਦਾ ਸੀ ਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵੱਲ ਝਾਕਣ ਦਾ ਹੌਸਲਾ ਕਰਦਾ ਸੀ। ਮੁੜਦੀ ਵਾਰੀ ਉਹ ਫਿਰ ਪਿੰਡ ਦੇ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਉਸ ਨੂੰ ਮੁੜ-ਮੁੜ ਦੇਖਦਾ ਸੀ ਤੇ ਕਈ ਵਾਰੀ ਉਹ ਓਹਲੇ ਹੋ ਜਾਣ ਮਗਰੋਂ ਕੁਝ ਕਦਮ ਮੁੜ ਕੇ ਫਿਰ ਪਿੰਡ ਨੂੰ ਦੇਖਦਾ ਸੀ।

# ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਘਰ ਦਾ ਪਿਆਰ ਲੇਖ ਕਿਸ ਦੀ ਰਚਨਾ ਹੈ ?

   ਪ੍ਰਿੰਸੀਪਲ ਤੇਜਾ ਸਿੰਘ

2. ਮਨੁੱਖ ਦੇ ਪਿਆਰ ਦੀਆਂ ਸੱਧਰਾਂ ਕਿੱਥੇ ਪਲਦੀਆਂ ਹਨ ?

   ਘਰ ਵਿੱਚ

3. ਬਿਰਧ ਬੀਬੀ ਦੇ ਗੁੱਸੇ ਤੇ ਝੱਲਪੁਣੇ ਦਾ ਕਾਰਨ ਉਸ ਦੀ ਜ਼ਿੰਦਗੀ ਵਿੱਚ ਕਿਸ ਚੀਜ਼ ਦੀ ਅਣਹੋਂਦ ਸੀ ?

   ਘਰ ਦੇ ਪਿਆਰ ਦੀ

4. ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਤੇ ਕਿਸ ਦਾ ਅਸਰ ਮਹੱਤਵਪੂਰਨ ਸੀ ?

   ਬੀਬੀ ਖ਼ਦੀਜਾ

5. ਅਸਲੀ ਧਾਰਮਿਕ ਜੀਵਨ ਦੀ ਨੀਂਹ ਕਿੱਥੋਂ ਦੀ ਰਹਿਣੀ ਬਹਿਣੀ ਵਿੱਚ ਰੱਖੀ ਜਾ ਸਕਦੀ ਹੈ ?

   ਘਰ ਤੋਂ

6. ਸਮਾਜ ਤੇ ਦੇਸ਼ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ ?

   ਘਰ ਦੇ ਪਿਆਰ ਤੋਂ

7. ਲੇਖਕ ਦੇ ਪਿੰਡ ਦਾ ਨਾਂ ਕੀ ਸੀ ?

   ਅਡਿਆਲਾ